# <u>ਯੂਨੀਵਰਸਿਟੀ ਕੈਂਪਸ ਵਿਖੇ ਸਥਿਤ</u>
# <u>ਵਹੀਕਲ ਸਟੈਂਡਾਂ ਦਾ ਵੇਰਵਾ</u>

| | |
|---|---|
| 1. | ਯੂਨੀਵਰਸਿਟੀ ਮੇਨ ਗੇਟ ਅਤੇ ਯੂਨੀਵਰਸਿਟੀ ਬੈਕ ਸਾਇਡ ਗੇਟ ਦੇ ਨਜ਼ਦੀਕ ਵਹੀਕਲ ਸਟੈਂਡ। |

# ਸਾਲ 2023-24 ਲਈ (Extendable) ਯੂਨੀਵਰਸਿਟੀ ਕੈਂਪਸ ਦੇ ਵਹੀਕਲ ਸਟੈਂਡਾਂ ਦੀ ਅਲਾਟਮੈਂਟ ਸਬੰਧੀ ਸ਼ਰਤਾਂ

**ਬਿਨੈਕਾਰਾਂ ਨੂੰ ਬੇਨਤੀ ਹੈ ਕਿ ਪਹਿਲਾਂ ਹੇਠ ਲਿਖੀਆਂ ਸ਼ਰਤਾਂ ਧਿਆਨ ਨਾਲ ਪੜ੍ਹ ਲੈਣ ਤਾਂ ਜੋ ਬਿਨੈ-ਪੱਤਰ ਕੈਂਸਲ/ਰਿਜੈਕਟ ਨਾ ਹੋਵੇ ।**

1. ਵੱਖ-ਵੱਖ Regd. Firms/Individuals ਜਿਨ੍ਹਾਂ ਦੀ ਸਾਲਾਨਾ turn over 2 ਲੱਖ ਹੈ (*ਬਸ਼ਰਤੇ ਉਸ ਨੂੰ ਕਿਸੇ ਕੇਸ ਵਿੱਚ ਅਦਾਲਤ ਵੱਲੋਂ ਦੋਸ਼ੀ ਕਰਾਰ ਨਾ ਦਿੱਤਾ ਗਿਆ ਹੋਵੇ ਅਤੇ ਨਾ ਹੀ ਉਸ ਨੂੰ ਕਿਸੇ ਵਿਭਾਗ/ਸੰਸਥਾ ਵੱਲੋਂ debar ਕੀਤਾ ਗਿਆ ਹੋਵੇ*), ਉਹ ਹੀ ਬਿਨੈਕਾਰ ਇਨ੍ਹਾਂ ਵਹੀਕਲ ਸਟੈਂਡਾਂ ਲਈ ਅਪਲਾਈ ਕਰ ਸਕਦੇ ਹਨ । ਇਸ ਦੇ ਨਾਲ ਹੀ ਬਿਨੈਕਾਰਾਂ ਕੋਲ ਕਿਸੇ ਸੰਸਥਾਂ/ਕਾਲਜ/ ਯੂਨੀਵਰਸਿਟੀ ਵਿਖੇ ਕੰਮ ਕਰਨ ਦਾ ਘੱਟੋ-ਘੱਟ 3 ਸਾਲ ਦਾ Experience ਹੋਵੇ । ਇਸ ਦੇ ਸਬੂਤ ਵਜੋਂ ਬਿਨੈਕਾਰ ਵਲੋਂ ਅਪਣੀ Income Tax Return, PAN, Experience Certificate ਅਤੇ Residence Proof (Adhaar Card) ਦੀ ਪਰਤ ਬਿਨੈ ਪੱਤਰ ਦੇ ਨਾਲ ਜਮ੍ਹਾਂ ਕਰਵਾਉਣੀ ਜ਼ਰੂਰੀ ਹੋਵੇਗੀ ।
2. ਜਿਸ ਬਿਨੈਕਾਰ ਵੱਲੋਂ ਵੀ ਵਹੀਕਲ ਸਟੈਂਡ ਲਈ ਅਪਲਾਈ ਕੀਤਾ ਜਾ ਰਿਹਾ ਹੈ ਉਸ ਬਿਨੈਕਾਰ ਦਾ Covid-19 Vaccinated ਹੋਣਾ ਜ਼ਰੂਰੀ ਹੈ ਇਸ ਲਈ ਅਪਲਾਈ ਕਰਨ ਸਮੇਂ ਉਸ ਵੱਲੋਂ ਆਪਣਾ Vaccination Certificate ਬਿਨੈਪੱਤਰ ਦੇ ਨਾਲ ਨੱਥੀ ਕਰਨਾ ਜ਼ਰੂਰੀ ਹੋਵੇਗਾ ।
3. ਵਹੀਕਲ ਸਟੈਂਡ ਦੀ ਅਲਾਟਮੈਂਟ ਸਬੰਧੀ ਨਿਰਧਾਰਿਤ ਮਿਤੀ ਦੇ ਅੰਦਰ-ਅੰਦਰ ਫਾਰਮ/ਬਿਨੈ ਪੱਤਰ ਸੀਲਡ ਲਿਫਾਫੇ ਵਿਚ **ਸਹਾਇਕ ਰਜਿਸਟਰਾਰ (ਜਨਰਲ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ** ਦੇ ਪਤੇ ਤੇ Regd./Speed Post ਰਾਹੀਂ ਭੇਜਿਆ ਜਾਵੇ ਜਿਸ ਉੱਪਰ ਮੋਟੇ ਅੱਖਰਾਂ ਵਿੱਚ "Application for the allotment of Vehicle Stand ਲਿਖਿਆ ਹੋਵੇ । **(ਬਿਨੈ-ਪੱਤਰ ਜਨਰਲ ਸ਼ਾਖਾ ਤੋਂ ਪ੍ਰਾਪਤ ਕੀਤੇ ਜਾਣ)** ।
4. **ਵਹੀਕਲ ਸਟੈਂਡ ਦੀ ਮੁਢਲੀ ਅਲਾਟਮੈਂਟ** (ਅਲਾਟਮੈਂਟ ਦੀ ਮਿਤੀ) **ਤੋਂ ਇੱਕ ਸਾਲ ਤੱਕ ਲਈ ਹੋਵੇਗੀ ਅਤੇ ਠੇਕੇਦਾਰ ਦੇ ਕੰਮ ਅਤੇ ਵਿਵਹਾਰ ਨੂੰ ਮੁੱਖ ਰਖਦੇ ਹੋਏ ਅਗਲੇ 2 ਸਾਲਾਂ ਲਈ ਹਰ ਸਾਲ 5% ਕਿਰਾਏ ਵਿੱਚ ਵਾਧਾ ਕਰਦੇ ਹੋਏ ਅਲਾਟਮੈਂਟ ਦੀ ਮਿਆਦ ਵਿੱਚ ਵਾਧਾ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।**
5. ਫਾਰਮ/ਬਿਨੈ ਪੱਤਰ ਦੀ ਕੀਮਤ **2,000/- ਰੁਪਏ** ਯੂਨੀਵਰਸਿਟੀ ਕੈਸ਼ੀਅਰ ਪਾਸ ਜਮ੍ਹਾਂ ਕਰਵਾਈ ਜਾਵੇਗੀ ।
6. ਜੇਕਰ ਕਿਸੇ ਕਾਰਨ ਕਰਕੇ ਵਹੀਕਲ ਸਟੈਂਡ ਦੀ ਅਲਾਟਮੈਂਟ ਰਹਿ ਜਾਂਦੀ ਹੈ ਤਾਂ ਮੁੜ ਇਸ਼ਤਿਹਾਰ ਦੇਣ ਦੀ ਬਜਾਏ ਵਹੀਕਲ ਸਟੈਂਡ ਦੀ ਮੁੜ ਅਲਾਟਮੈਂਟ ਜਾਂ ਕਿਸੇ ਪ੍ਰਕਾਰ ਦੀ ਸੂਚਨਾ ਜਾਰੀ ਕਰਨ ਸਬੰਧੀ corrigendum ਯੂਨੀਵਰਸਿਟੀ ਵੈਬ ਸਾਇਟ ਤੇ ਅਪਲੋਡ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।
7. ਵਹੀਕਲ ਸਟੈਂਡ ਲਈ ਬਿਨੈਕਾਰ ਵੱਲੋਂ ਅਪਣੇ ਬਿਨੈ ਪੱਤਰ ਵਿੱਚ ਜਿੰਨੀ License Fee/ Financial Bid ਭਰੀ ਜਾਵੇਗੀ ਉਸ ਦੇ ਤਿੰਨ ਗੁਣਾ ਰਾਸ਼ੀ ਦਾ Demand Draft ਜੋ ਕਿ Registrar, Guru Nanak Dev University, Amritsar ਦੇ ਨਾਮ ਤੇ ਹੋਵੇ ਅਪਣੇ ਬਿਨੈ ਪੱਤਰ ਦੇ ਨਾਲ ਹੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ, ਜਿਸ ਦੀ ਰਾਸ਼ੀ ਸਫਲ ਉਮੀਦਵਾਰ ਦੀ ਜਮਾਨਤੀ ਰਕਮ ਵਿੱਚ ਐਡਜਟ ਕਰ ਦਿੱਤੀ ਜਾਵੇਗੀ (*ਜੋ ਅਲਾਟਮੈਂਟ ਦੀ ਮਿਆਦ ਖਤਮ ਹੋਣ ਉਪਰੰਤ ਬਿਨ੍ਹਾਂ ਵਿਆਜ ਵਾਪਸੀ ਯੋਗ ਹੋਵੇਗੀ*) ਅਤੇ ਬਾਕੀ ਉਮੀਦਵਾਰਾਂ ਨੂੰ Demand Draft ਵਾਪਿਸ ਕਰ ਦਿੱਤਾ ਜਾਵੇਗਾ ।
8. ਵਹੀਕਲ ਸਟੈਂਡ ਲਈ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਵਿੱਚੋਂ ਜਿਸ ਯੋਗ ਬਿਨੈਕਾਰ ਵੱਲੋਂ ਸਭ ਤੋਂ ਜ਼ਿਆਦਾ Licence Fees/Financial Bid ਭਰੀ ਹੋਵੇਗੀ ਉਸ ਬਿਨੈਕਾਰ ਨੂੰ ਹੀ ਇੰਟਰਵਿਊ ਲਈ ਬੁਲਾਉਣ ਉਪਰੰਤ ਅਲਾਟਮੈਂਟ ਕੀਤੀ ਜਾਵੇਗੀ । ਜੇਕਰ ਬਿਨੈਕਾਰ ਇੰਟਰਵਿਊ ਵਿੱਚ ਹਾਜ਼ਰ ਨਹੀਂ ਹੁੰਦਾ (*ਜੋ ਕਿ ਬਿਨੈਕਾਰ ਨੂੰ ਅਪੀਅਰ ਹੋਣਾ Mandatory ਹੈ*), ਤਾਂ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ ਅਤੇ ਇੰਟਰਵਿਊ ਵਿੱਚ ਹਾਜ਼ਰ ਹੋਏ ਯੋਗ ਬਿਨੈਕਾਰ ਵੱਲੋਂ ਜੇਕਰ ਇਕ ਹਫਤੇ ਦੇ ਅੰਦਰ-ਅੰਦਰ ਪਹਿਲੇ 2 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਇਨ੍ਹਾਂ ਹਾਲਾਤਾ ਵਿੱਚ ਵੀ ਉਸ ਵੱਲੋਂ Demand Draft ਦੇ ਰੂਪ ਵਿੱਚ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰ ਲਈ ਜਾਵੇਗੀ । ਇਸ ਉਪਰੰਤ

Waiting List ਵਿੱਚੋਂ ਅਗਲੇ ਯੋਗ ਬਿਨੈਕਾਰ ਨੂੰ ਉਸ ਵੱਲੋਂ ਦਿੱਤੀ ਗਈ Licence Fees/ Financial Bid ਦੇ ਆਧਾਰ ਤੇ ਹੀ ਅਲਾਟਮੈਂਟ ਸਬੰਧੀ ਕਾਰਵਾਈ ਕੀਤੀ ਜਾਵੇਗੀ ਅਤੇ ਜੇਕਰ ਅਗਲੇ ਯੋਗ ਬਿਨੈਕਾਰ ਵੱਲੋਂ ਵੀ ਉਕਤ ਅਨੁਸਾਰ ਲੋੜੀਦੀ ਕਾਰਵਾਈ ਸਮੇਂ ਸਿਰ ਨਹੀਂ ਕੀਤੀ ਜਾਂਦੀ ਤਾਂ ਉਸ ਲਈ ਵੀ ਉਕਤ ਨਿਯਮ ਹੀ ਲਾਗੂ ਹੋਣਗੇ ਅਤੇ ਇਨ੍ਹਾਂ ਬਿਨੈਕਾਰਾਂ ਨੂੰ ਭਵਿੱਖ ਵਿੱਚ ਯੂਨੀਵਰਸਿਟੀ ਕੈਂਪਸ ਵਿਖੇ ਕਿਸੇ ਕੰਟੀਨ, ਦੁਕਾਨ, ਵਹੀਕਲ ਸਟੈਂਡ ਆਦਿ ਲਈ ਅਪਲਾਈ ਕਰਨ ਤੋਂ debar ਕੀਤਾ ਜਾਵੇਗਾ ।

9. ਬਿਨੈਕਾਰਾਂ ਨੂੰ ਇਹ ਹਿਦਾਇਤ ਕੀਤੀ ਜਾਂਦੀ ਹੈ ਕਿ ਉਹ ਅਲਾਟਮੈਂਟ ਸਬੰਧੀ ਨਿਰਧਾਰਿਤ ਬਿਨੈ-ਪੱਤਰ ਵਿੱਚ ਅਪਣੇ ਮੋਬਾਇਲ ਨੰਬਰ ਅਤੇ E-mail ID ਸਹੀ ਭਰਨ ਕਿਉਂਜੋ ਯੋਗ ਬਿਨੈਕਾਰ ਨੂੰ ਇੰਟਰਵਿਊ ਸਬੰਧੀ ਦਫਤਰ ਵੱਲੋਂ ਮੋਬਇਲ ਕਾਲ, SMS ਅਤੇ ਉਸ ਵੱਲੋਂ ਦਿੱਤੀ ਗਈ E-mail ID ਤੇ ਸੂਚਨਾ ਦਿੱਤੀ ਜਾਵੇਗੀ । ਜੇਕਰ ਬਿਨੈਕਾਰ ਵੱਲੋਂ ਮੋਬਾਇਲ ਨੰਬਰ ਅਤੇ E-mail ID ਸਹੀ ਨਾ ਦਿੱਤੇ ਜਾਣ ਕਰਕੇ ਕੋਈ ਗਲਤੀ/ਦੇਰੀ ਹੁੰਦੀ ਹੈ ਜਾਂ ਉਸ ਬਿਨੈਕਾਰ ਦੀ ਇੰਟਰਵਿਊ ਰਹਿ ਜਾਂਦੀ ਹੈ ਤਾਂ ਉਸ ਦੀ ਜਿੰਮੇਵਾਰੀ ਸਬੰਧਿਤ ਬਿਨੈਕਾਰ ਦੀ ਹੋਵੇਗੀ ।
10. ਵਹੀਕਲ ਸਟੈਂਡ ਦੀ ਅਲਾਟਮੈਂਟ ਹੋਣ ਉਪਰੰਤ ਜੇ ਕੋਈ ਠੇਕੇਦਾਰ ਵਹੀਕਲ ਸਟੈਂਡ ਦਾ ਠੇਕਾ ਨਿਰਧਾਰਿਤ ਮਿਤੀ ਤੋਂ ਪਹਿਲਾਂ ਛੱਡਣਾ ਚਾਹੇ ਤਾਂ ਉਸ ਵੱਲੋਂ ਯੂਨੀਵਰਸਿਟੀ ਨੂੰ 2 ਮਹੀਨੇ ਦਾ ਅਗਾਊਂ ਨੋਟਿਸ ਦੇਣਾ ਜ਼ਰੂਰੀ ਹੋਵੇਗਾ, ਅਤੇ ਜੇਕਰ ਉਸ ਵੱਲੋਂ ਅਗਾਊਂ ਨੋਟਿਸ ਦੇਣ ਤੋਂ ਬਗੈਰ ਵਹੀਕਲ ਸਟੈਂਡ ਦਾ ਠੇਕਾ ਛੱਡਿਆ ਜਾਂਦਾ ਹੈ ਤਾਂ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਜ਼ਬਤ ਕਰ ਲਈ ਜਾਵੇਗੀ ।
11. ਵਹੀਕਲ ਸਟੈਂਡ ਦਾ ਠੇਕੇਦਾਰ ਪਹਿਲੇ 3 ਮਹੀਨਿਆਂ ਦਾ ਪੇਸ਼ਗੀ ਕਿਰਾਇਆ ਅਤੇ ਨਿਯਮਾਂ ਅਨੁਸਾਰ GST ਅਲਾਟਮੈਂਟ ਸਮੇਂ ਹੀ ਜਮ੍ਹਾਂ ਕਰਵਾਏਗਾ ਅਤੇ ਅਗਲੇ 3 ਮਹੀਨਿਆਂ ਦਾ ਐਡਵਾਂਸ ਕਿਰਾਇਆ (*ਸਮੇਤ* GST) ਜ਼ਾਰੀ ਹੋਏ ਇਨਵਾਇਸ ਅਨੁਸਾਰ ਮਹੀਨੇ ਦੀ 25 ਤੋਂ 30 ਤਾਰੀਖ (*ਜਾਂ ਅਖੀਰਲੇ ਕੰਮ ਵਾਲੇ ਦਿਨ ਤੱਕ*) ਜਮ੍ਹਾਂ ਕਰਵਾਏਗਾ । ਜੇਕਰ ਠੇਕੇਦਾਰ ਵੱਲੋਂ ਇਸ ਦਰਮਿਆਨ ਕਿਰਾਇਆ (*ਸਮੇਤ* GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾ ਅਗਲੇ ਮਹੀਨੇ ਦੀ 15 ਤਾਰੀਖ ਤੱਕ (ਜਾਂ ਕੰਮ ਵਾਲੇ ਦਿਨ ਤੱਕ) ਉਸ ਨੂੰ ਕਿਰਾਇਆ (*ਸਮੇਤ* GST) 10% Penalty ਨਾਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਜੇਕਰ ਠੇਕੇਦਾਰ ਵੱਲੋਂ ਫਿਰ ਵੀ ਕਿਰਾਇਆ (*ਸਮੇਤ* GST) ਜਮ੍ਹਾਂ ਨਹੀਂ ਕਰਵਾਇਆ ਜਾਂਦਾ ਤਾਂ ਉਸਦਾ ਠੇਕਾ ਰੱਦ ਕਰਨ ਅਤੇ ਜਮਾਨਤੀ ਰਕਮ ਜਬਤ ਕਰਨ ਦਾ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ । ਇਹ ਹੀ ਸ਼ਰਤ ਅਗਲੀਆਂ ਤਿਮਾਹੀਆਂ ਦੇ ਕਿਰਾਏ ਆਦਿ ਤੇ ਲਾਗੂ ਹੋਵੇਗੀ ।
12. ਵਹੀਕਲ ਸਟੈਂਡ ਦਾ ਠੇਕੇਦਾਰ ਕਿਰਾਏ ਤੋਂ ਇਲਾਵਾ ਨਿਯਮਾਂ ਅਨੁਸਾਰ GST ਹੋਰ ਸਮੇਂ-ਸਮੇਂ ਤੇ ਸਰਕਾਰ ਵੱਲੋਂ ਲਗਾਏ ਜਾਣ ਵਾਲੇ ਟੈਕਸ ਦੇਣ ਦਾ ਪਾਬੰਦ ਹੋਵੇਗਾ ।
13. ਵਹੀਕਲ ਸਟੈਂਡ ਦੇ ਠੇਕੇਦਾਰ ਵੱਲੋਂ ਯੂਨੀਵਰਸਿਟੀ ਸੰਪਤੀ ਦੀ ਦੁਰਵਰਤੋਂ ਕਰਨ ਜਾਂ ਉਸਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਤੇ ਉਸਦੀ ਭਰਪਾਈ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਜਮਾਨਤੀ ਰਕਮ ਵਿੱਚੋਂ ਕੀਤੀ ਜਾਵੇਗੀ ।
14. ਠੇਕੇਦਾਰ ਵੱਲੋਂ ਦੋਨੋ ਪਾਰਕਿੰਗ ਸ਼ਥਾਨਾ ਵਿੱਚ ਘੱਟੋ-ਘੱਟੋ 3-3 ਮੁਲਾਜ਼ਮ ਤੈਇਨਾਤ ਕਰਨੇ ਲਾਜ਼ਮੀ ਹੋਣਗੇ।
15. ਵਹੀਕਲ ਸਟੈਂਡਾਂ ਤੇ ਕੰਮ ਕਰਨ ਵਾਲੇ ਸਾਰੇ ਸਟਾਫ ਨੂੰ Uniform ਪਾਓਣਾ ਲਾਜ਼ਮੀ ਹੋਵੇਗਾ। Uniform ਉਹਨਾਂ ਵਲੋਂ ਜਨਰਲ ਸ਼ਾਖਾ ਨਾਲ ਸੰਪਰਕ ਕਰਕੇ ਆਪਣੇ ਪੱਧਰ ਤੇ ਬਣਾਈ ਜਾਵੇਗੀ ।
16. ਵਹੀਕਲ ਸਟੈਂਡ ਵਿਚ ਕੰਮ ਕਰਨ ਵਾਲੇ ਸਰਵਿਸ ਸਟਾਫ ਦੀ ਉਮਰ 14 ਸਾਲਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ।
17. ਵਹੀਕਲ ਸਟੈਂਡ ਦੇ ਠੇਕੇਦਾਰ ਵਲੋਂ ਆਪਣੇ ਪੱਧਰ ਅਤੇ ਖਰਚੇ ਤੇ ਸਾਰੇ ਸਟਾਫ ਦੇ ਸ਼ਨਾਖਤੀ ਕਾਰਡ ਬਣਵਾਏ ਜਾਣਗੇ।
18. ਜੇਕਰ ਠੇਕੇਦਾਰ ਨੂੰ ਲੋੜ ਹੋਵੇ ਤੇ ਉਹ ਅਪਣੇ ਪੱਧਰ ਤੇ ਵਹੀਕਲ ਸਟੈਂਡਾਂ ਵਿਖੇ ਤੇ ਬਿਜਲੀ ਦੇ Sub Meter ਲਗਵਾ ਸਕਦੇ ਹਨ ਅਤੇ ਇਨ੍ਹਾਂ ਦੇ ਬਿੱਲਾਂ ਦੀ ਅਦਾਇਗੀ ਵੀ ਠੇਕੇਦਾਰ ਵੱਲੋਂ ਹੀ ਕੀਤੀ ਜਾਵੇਗੀ ।
19. ਠੇਕਦਾਰ ਵਹੀਕਲ ਸਟੈਂਡ ਨੂੰ ਸਾਫ ਸੁਥਰਾ ਰੱਖੇਗਾ ।
20. ਠੇਕੇਦਾਰ ਵੱਲੋਂ ਵਹੀਕਲ ਸਟੈਂਡ ਤੇ ਖੁਦ ਬੈਠਣਾ ਲਾਜ਼ਮੀ ਹੋਵੇਗਾ।
21. ਵਹੀਕਲ ਸਟੈਂਡਾਂ ਦਾ ਸਮਾਂ ਸਵੇਰੇ 8.00 ਵਜੇ ਤੋਂ ਸ਼ਾਮ 6.00 ਵਜੇ ਤੱਕ ਹੋਵੇਗਾ ਅਤੇ ਸਬੰਧਿਤ ਠੇਕੇਦਾਰ ਨੂੰ ਸ਼ਨੀਵਾਰ, ਐਤਵਾਰ ਅਤੇ ਸਰਕਾਰੀ ਛੁੱਟੀ ਵਾਲੇ ਦਿਨ 9:00 ਤੋਂ 5.00 ਵਜੇ ਤੱਕ ਵੀ ਵਹੀਕਲ ਸਟੈਂਡ ਤੇ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ ।

22. ਵਹੀਕਲ ਸਟੈਂਡ ਦਾ ਠੇਕੇਦਾਰ Students ਅਤੇ visitors ਪਾਸੋਂ ਹੇਠਾਂ ਦਰਸਾਏ ਅਨੁਸਾਰ ਪੈਸੇ ਚਾਰਜ਼ ਕਰੇਗਾ :

**<u>ਬਾਹਰੀ ਵਿਅਕਤੀਆਂ (Visitors) ਲਈ (ਪ੍ਰਤੀ ਦਿਨ ਦੇ ਹਿਸਾਬ ਨਾਲ)</u>**

ਸਕੂਟਰ/ਮੋਟਰ ਸਾਇਕਲ : 15/- ਕਾਰ : 30/-

**<u>ਯੂਨੀਵਰਸਿਟੀ ਦੇ ਵਿਦਿਆਰਥੀਆਂ/ਕਰਮਚਾਰੀਆਂ ਲਈ (ਪ੍ਰਤੀ ਦਿਨ ਦੇ ਹਿਸਾਬ ਨਾਲ)</u>**

ਸਕੂਟਰ/ਮੋਟਰ ਸਾਇਕਲ : 5/- ਕਾਰ : 10/-

**<u>ਯੂਨੀਵਰਸਿਟੀ ਦੇ ਵਿਦਿਆਰਥੀਆਂ/ਕਰਮਚਾਰੀਆਂ ਲਈ Pass (ਪ੍ਰਤੀ ਮਹੀਨੇ ਦੇ ਹਿਸਾਬ ਨਾਲ)</u>**

ਸਕੂਟਰ/ਮੋਟਰ ਸਾਇਕਲ : 25/- ਕਾਰ : 75/-

23. ਵਹੀਕਲ ਸਟੈਂਡ ਤੇ ਖੜੇ ਸਾਇਕਲ/ਸਕੂਟਰ/ਮੋਟਰ ਸਾਈਕਲ/ਕਾਰ ਦੇ ਗੁੰਮ ਹੋਣ ਜਾਂ ਇਸ ਦੇ ਕਿਸੇ ਕਿਸਮ ਦੇ ਨੁਕਸਾਨ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।
24. ਯੂਨੀਵਰਸਿਟੀ ਵੱਲੋਂ ਸਮੇਂ - ਸਮੇਂ ਤੇ ਜਾਰੀ ਹੋਣ ਵਾਲੀਆਂ ਹਦਾਇਤਾਂ ਦੀ ਪਾਲਨਾ ਕਰਨਾ ਅਤਿ ਜਰੂਰੀ ਹੋਵੇਗਾ।
25. ਠੇਕੇਦਾਰ ਨੂੰ ਨਿਰਧਾਰੀਤ ਹਦਾਇਤਾਂ/ਸ਼ਰਤਾਂ ਦੀ ਪਾਲਨਾ ਨਾ ਕਰਨ ਤੇ 2000/- ਦਾ ਜ਼ੁਰਮਾਨਾ ਕੀਤਾ ਜਾਵੇਗਾ।
26. ਵਹੀਕਲ ਸਟੈਂਡ ਵਿਖੇ ਰੇਟ ਲਿਸਟ ਡਿਸਪਲੇ ਨਾ ਕਰਨ ਤੇ ਉਸ ਨੂੰ 3000/- ਦਾ ਜ਼ੁਰਮਾਨਾ ਕੀਤਾ ਜਾਵੇਗਾ।
27. ਵਹੀਕਲ ਸਟੈਂਡ ਦੇ ਠੇਕੇਦਾਰ ਵੱਲੋਂ ਸਟੈਂਡ ਵਿਖੇ ਕੋਈ ਗੈਰ ਕਾਨੂੰਨੀ ਕੰਮ ਨਹੀਂ ਕੀਤਾ ਜਾਵੇਗਾ।
28. ਵਹੀਕਲ ਸਟੈਂਡ ਵਿਖੇ ਪਾਰਕ ਹੋਏ ਅਨਜਾਨ/ਸ਼ੱਕੀ ਵਹੀਕਲ ਦੀ ਜਾਣਕਾਰੀ ਸੁਰੱਖਿਆ ਅਫਸਰ ਨੂੰ ਪੰਜ ਦਿਨਾਂ ਦੇ ਅੰਦਰ -ਅਦੰਰ ਦੇਣ ਦੀ ਜਿੰਮੇਵਾਰੀ ਸਬੰਧਿਤ ਠੇਕੇਦਾਰ ਦੀ ਹੋਵੇਗੀ ।
29. ਵਹੀਕਲ ਸਟੈਂਡ ਦੇ ਠੇਕੇਦਾਰ ਨੂੰ ਇਸ ਨੂੰ ਅੱਗੇ sublet ਕਰਨ ਦਾ ਅਧਿਕਾਰ ਨਹੀਂ ਹੋਵੇਗਾ।
30. "ਬਗੈਰ ਕਾਰਨ ਦੱਸੇ" ਇਕ ਹਫਤੇ ਦਾ ਸਮਾਂ ਦਿੰਦੇ ਹੋਏ ਸਬੰਧਿਤ ਠੇਕੇਦਾਰ ਦਾ ਠੇਕਾ ਰੱਦ ਕਰਕੇ ਵਹੀਕਲ ਸਟੈਂਡ ਖਾਲੀ ਕਰਵਾਉਣ ਦੀ ਅਧਿਕਾਰ ਯੂਨੀਵਰਸਿਟੀ ਕੋਲ ਹੋਵੇਗਾ ।

*ਨੋਟ: ਜਿਸ ਉਮੀਦਵਾਰ ਨੂੰ ਵਹੀਕਲ ਸਟੈਂਡ ਦੀ ਅਲਾਟਮੈਂਟ ਕਮੇਟੀ ਵਲੋਂ ਕੀਤੀ ਜਾਵੇਗੀ ਉਹ ਉਪਰੋਕਤ ਲਿਖੀਆਂ ਸ਼ਰਤਾਂ 100/-ਰੁਪਏ ਦੇ ਅਸ਼ਟਾਮ ਤੇ ਮੈਜਿਸਟ੍ਰੇਟ ਵਲੋਂ ਤਸਦੀਕਸ਼ੁਦਾ ਫੋਟੋ ਵਾਲਾ ਹਲਫੀਆ ਬਿਆਨ ਤਿਆਰ ਕਰਵਾ ਕੇ ਜਨਰਲ ਸ਼ਾਖਾ ਵਿਚ ਜਮ੍ਹਾਂ ਕਰਵਾਏਗਾ।*